# BUHDA DAL PUBLIC SCHOOL PATIALA
## First Term Examination (23 September 2023)
**Class - XII**
**Paper - Punjabi (Set-A)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਅਡਵਾਂਸ ਪੜ੍ਹਨ-ਕੌਸ਼ਲ

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8×1=8)

ਸਿਰਫ਼ ਉਹੀ ਦੇਸ਼ ਅਮੀਰ ਤੇ ਮਾਲੋਮਾਲ ਹੋ ਸਕਦੇ ਹਨ ਜਿਨ੍ਹਾਂ ਦੇ ਲੋਕ ਆਪਣੇ ਆਪ ਲਈ ਕੁਝ ਨਵਾਂ ਸੋਚ ਸਕਦੇ ਹਨ। ਉਹੀ ਕੰਮ ਕਰਦੇ ਜਾਣਾ ਜੋ ਅੱਗੇ ਕਿਸੇ ਨੇ ਕਰ ਲਿਆ, ਰੁਕੇ ਵਿਕਾਸ ਦੀ ਨਿਸ਼ਾਨੀ ਹੈ। ਹੋਣਹਾਰ ਮਨੁੱਖ ਇਹੀ ਸੋਚਦਾ ਹੈ ਕਿ ਹੱਥਲਾ ਕੰਮ ਪਿਛਲੇ ਕੀਤੇ ਕੰਮ ਨਾਲੋਂ ਚੰਗੇਰਾ ਹੋਵੇ। ਜਿਸ ਕੌਮ ਦਾ ਇਹ ਖ਼ਿਆਲ ਹੋ ਜਾਵੇ ਕਿ ਪੰਜ ਸੌ ਜਾਂ ਹਜ਼ਾਰ ਸਾਲ ਪਹਿਲਾਂ ਵਾਲਾ ਜੀਵਨ ਚੰਗਾ ਸੀ ਇਸੇ ਲਈ ਉਸੇ ਨੂੰ ਹੀ ਨਿਸ਼ਾਨਾ ਰੱਖਿਆ ਜਾਏ, ਉਸ ਕੌਮ ਨੂੰ ਜ਼ਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿੱਚ ਖਲੋਣਾ ਪੈਂਦਾ ਹੈ। ਨਸਲਾਂ ਦੀ ਮਾਨਸਿਕ ਅਵਸਥਾ ਉੱਤੇ ਹੀ ਉਹਨਾਂ ਦੀ ਖ਼ੁਸ਼ਹਾਲੀ ਤੇ ਸਾਰਥਕਤਾ ਨਿਰਭਰ ਕਰਦੀ ਹੈ। ਜਦੋਂ ਕਿਸੇ ਨਸਲ ਦੇ ਲੋਕ ਲਕੀਰ ਦੇ ਫ਼ਕੀਰ ਹੋ ਜਾਂਦੇ ਹਨ, ਹਮੇਸ਼ਾਂ ਕਿਸੇ ਦੇ ਪਾਏ ਪੂਰਨਿਆਂ ਉੱਤੇ ਹੀ ਚੱਲਦੇ ਹਨ, ਆਪੀਂ ਕੋਈ ਪੂਰਨਾ ਪਾਉਣ ਦੀ ਦਲੇਰੀ ਨਹੀਂ ਰੱਖਦੇ, ਪਿਛਲੱਗ ਅਖਵਾਉਣ ਵਿੱਚ ਹੀ ਫ਼ਖ਼ਰ ਸਮਝਦੇ ਹਨ ਤੇ ਮੋਹਰੀ ਹੋਣੋਂ ਘਬਰਾਉਂਦੇ ਹਨ, ਉਸ ਨਸਲ ਦਾ ਵਾਧਾ ਰੁੱਕ ਜਾਂਦਾ ਹੈ, ਬੁੱਧੀ ਮੋਟੀ ਹੋ ਜਾਂਦੀ ਹੈ ਤੇ ਜ਼ਿੰਦਗੀ ਵਿੱਚੋਂ ਸੁਹਜ-ਸੁਆਦ ਘੱਟ ਜਾਂਦਾ ਹੈ। ਐਸੀ ਕੌਮ ਸੁਤੰਤਰ ਨਹੀਂ ਰਹਿ ਸਕਦੀ। ਜ਼ਰੂਰ ਕਿਸੇ ਦੂਜੀ ਕੌਮ ਦੀ ਗ਼ੁਲਾਮ ਬਣ ਜਾਂਦੀ ਹੈ। ਸੋ, ਦ੍ਰਿੜ੍ਹ ਕਰਨ ਵਾਲੀ ਗੱਲ ਇਹ ਹੈ ਕਿ ਨਵਾਂ ਸੋਚਣ ਤੇ ਕਰਨ ਵਿੱਚ ਹੀ ਜੀਵਨ ਦਾ ਨਿਵਾਰਨ ਹੈ। ਦੇਸ਼ ਦੀ ਉੱਨਤੀ ਤਾਂ ਹੀ ਸੰਭਵ ਹੈ ਜੇ ਤੁਸੀਂ ਕੋਈ ਨਵਾਂ ਖ਼ਿਆਲ ਦੁਨੀਆ ਨੂੰ ਦਿਓ। ਕੋਈ ਨਵੀਂ ਕਾਢ ਕੱਢੋ, ਕੋਈ ਨਵਾਂ ਸੁਖ ਈਜਾਦ ਕਰੋ, ਕੋਈ ਨਵਾਂ ਮਾਰਗ ਲੱਭੋ, ਨਵੀਂ ਸੋਚ ਸੋਚੋ ਤੇ ਨਵੇਂ ਅਮਲ ਕਰੋ।

1. ਕਿਹੜੇ ਦੇਸ਼ ਅਮੀਰ ਤੇ ਮਾਲੋਮਾਲ ਹੋ ਸਕਦੇ ਹਨ?

ੳ) ਜਿਸ ਦੇਸ਼ ਦੇ ਲੋਕ ਆਪਣੇ ਆਪ ਵਿੱਚ ਕੁਝ ਨਵਾਂ ਸੋਚ ਸਕਦੇ ਹਨ।

ਅ) ਜਿਸ ਦੇਸ਼ ਦੇ ਲੋਕ ਕੀਤੇ ਹੋਏ ਕੰਮ ਦਾ ਦੁਹਰਾਉ ਕਰਦੇ ਹਨ।

ੲ) ਜਿਸ ਦੇਸ਼ ਦੇ ਲੋਕ ਹਜ਼ਾਰਾਂ ਸਾਲ ਪਹਿਲਾਂ ਕੀਤੇ ਕੰਮ ਨੂੰ ਚੰਗਾ ਸਮਝਦੇ ਹਨ।

ਸ) ਜਿਸ ਦੇਸ਼ ਦੇ ਲੋਕ ਹੱਥ ਉੱਪਰ ਹੱਥ ਰੱਖ ਕੇ ਬੈਠਦੇ ਹਨ।

2. ਕੌਮ ਜਾਂ ਨਸਲ ਦੀ ਖੁਸ਼ਹਾਲੀ ਤੇ ਸਾਰਥਕਤਾ ਕਿਸ ਉੱਪਰ ਨਿਰਭਰ ਕਰਦੀ ਹੈ?

ੳ) ਵਾਰ-ਵਾਰ ਇੱਕੋ ਹੀ ਕੰਮ ਕਰਨ ਉੱਪਰ।

ਅ) ਉਹਨਾਂ ਦੀ ਮਾਨਸਿਕ ਅਵਸਥਾ ਉੱਪਰ।

ੲ) ਪਿਛਲੇ ਕੰਮਾਂ ਦੇ ਦੁਹਰਾਓ ਉੱਪਰ।

ਸ) ਉਹਨਾਂ ਦੀ ਸਰੀਰਕ ਅਵਸਥਾ ਉੱਪਰ

A-1

Scanned by Scanner Go

3. ਕਿਹੜੀ ਕੌਮ ਜਾਂ ਨਸਲ ਸੁੰਤਰਤ ਨਹੀਂ ਰਹਿ ਸਕਦੀ?

ੳ) ਜਿਸ ਦੇ ਲੋਕ ਲਕੀਰ ਦੇ ਫ਼ਕੀਰ ਹੋ ਜਾਂਦੇ ਹਨ।

ਅ) ਜਿਸ ਦੇ ਲੋਕ ਮੋਟੀ ਬੁੱਧੀ ਵਾਲੇ ਹੁੰਦੇ ਹਨ।

ੲ) ਜਿਸ ਦੇ ਲੋਕ ਪਿਛਲੱਗ ਅਖਵਾਉਣ ਵਿੱਚ ਫ਼ਖਰ ਸਮਝਦੇ ਹਨ।

ਸ) ਉਪਰੋਕਤ ਸਾਰੇ ਕਾਰਨ।

4. ਜੀਵਨ ਦਾ ਨਿਵਾਰਨ ਕਿਸ ਵਿੱਚ ਹੈ?

ੳ) ਪੂਰਨੇ ਪਾਉਣ ਦੀ ਦਲੇਰੀ ਵਿੱਚ।

ਅ) ਨਵਾਂ ਸੋਚਣ ਤੇ ਕਰਨ ਵਿੱਚ।

ੲ) ਮੋਹਰੀ ਬਣਨ ਤੇ ਘਬਰਾਉਣ ਵਿੱਚ।

ਸ) ਦੂਸਰਿਆਂ ਦਾ ਗੁਲਾਮ ਬਣਨ ਵਿੱਚ।

5. ਦੇਸ਼ ਦੀ ਉੱਨਤੀ ਕਦੋਂ ਸੰਭਵ ਹੈ?

ੳ) ਨਵਿਆਂ ਨੂੰ ਛੱਡ ਪੁਰਾਣੇ 'ਤੇ ਅਮਲ ਕਰਨ ਵਿੱਚ।

ਅ) ਤਰੱਕੀ ਦੀਆਂ ਕਤਾਰਾਂ ਵਿੱਚ ਪਿੱਛੇ ਖੜੇ ਹੋਣ ਨਾਲ।

ੲ) ਦੂਜੇ ਦੇਸ਼ਾਂ ਨਾਲ ਲੜਨ ਵਿੱਚ।

ਸ) ਦੁਨੀਆਂ ਨੂੰ ਨਵਾਂ ਖਿਆਲ ਦੇਣ ਨਾਲ।

6. ਮਾਨਸਿਕ ਅਵਸਥਾ ਤੋਂ ਕੀ ਭਾਵ ਹੈ?

ੳ) ਸਰੀਰਕ ਹਾਲਤ ਅ) ਦਿਮਾਗੀ ਹਾਲਤ ੲ) ਆਰਥਕ ਹਾਲਤ ਸ) ਸਭ ਠੀਕ ਹਨ

7. 'ਉੱਨਤੀ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ:

ੳ) ਲਾਭ, ਪ੍ਰਬੰਧ ਅ) ਉਨੱਤੀ, ਉਨਤਾਲੀ ੲ) ਪਛੜੀ ਸੋਚ, ਹਾਨੀ ਸ) ਵਿਕਾਸ, ਤਰੱਕੀ

8. ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

ੳ) ਨਵੀਂ ਸੋਚ-ਪੁਰਾਣੀ ਸੋਚ ਅ) ਕੋਈ ਨਵੀਂ ਕਾਢ ੲ) ਪਿਛਲੱਗ ਸ) ਹੋਣਹਾਰ ਮਨੁੱਖ

**ਪ੍ਰ2. ਪ੍ਰਭਾਵਸ਼ਾਲੀ ਲਿਖਣ-ਕੌਸ਼ਲ** (8)

ਤੁਹਾਡਾ ਕਾਰੋਬਾਰ ਸ਼ੇਅਰ ਬਜ਼ਾਰ ਨਾਲ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਈਲ ਦੀ ਵਰਤੋਂ ਕਰਨੀ ਪੈ ਰਹੀ ਹੈ ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਿਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ। ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਪਾਸੇ ਸੁਧਾਰ ਕਰਨ ਲਈ ਆਖੋ।

**ਜਾਂ**

ਤੁਸੀਂ ਵੇਰਕਾ-ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ। ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿੱਤ ਨੇੜਲੇ ਵੇਰਕਾ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ।

A-2

Scanned by Scanner Go

ਪ੍ਰ3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰ੍ਹਾ-ਰਚਨਾ ਕਰੋ (7)

ਸਮਾਜ ਕਲਿਆਣ ਵਿੱਚ ਨੌਜਵਾਨਾਂ ਦੀ ਭੂਮਿਕਾ

ਜਾਂ

ਆਨ-ਲਾਈਨ ਪੜ੍ਹਾਈ

**ਵਿਹਾਰਕ ਵਿਆਕਰਨ**

**ਪ੍ਰ4. ਵਾਕ-ਵਟਾਂਦਰਾ** (1×3=3)

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ:

1) ਕਦੇ ਵੀ ਬਜ਼ੁਰਗਾਂ ਦਾ ਨਿਰਾਦਰ ਨਾ ਕਰੋ। (ਹਾਂ-ਵਾਚਕ)

2) ਜੰਗਲਾਂ ਦੇ ਲਾਭ ਦੱਸੋ। (ਪ੍ਰਸ਼ਨ-ਵਾਚਕ)

3) ਕਾਸ਼ ! ਮੇਰੀ ਲਾਟਰੀ ਨਿਕਲ ਆਵੇ। (ਸਧਾਰਨ-ਵਾਕ)

4) ਰਮਨ ਆਪਣਾ ਕੰਮ ਮੁਕਾ ਕੇ ਘਰ ਆ ਗਈ। (ਸੰਯੁਕਤ-ਵਾਕ)

**ਪ੍ਰ5. ਅਖਾਣ/ਅਖਾਉਤਾਂ** (2×5=10)

ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ:

ੳ) ਆਪੇ ਫਾਥੜੀਏ ਤੈਨੂੰ ਕੌਣ ਬਚਾਏ

ਅ) ਆਪਣੇ ਹੱਥੀਂ ਆਪਣਾ ਆਪ ਹੀ ਕਾਜ ਸਵਾਰੀਐ

ੲ) ਸਾਰਾ ਜਾਂਦਾ ਵੇਖੀਏ ਅੱਧਾ ਦਈਏ ਵੰਡ

ਸ) ਖਿੱਦੋ ਫਰੋਲਿਆ ਲੀਰਾਂ ਹੀ ਨਿਕਲਦੀਆਂ ਹਨ

ਹ) ਕੁੱਤਾ ਭੌਂਕੇ ਬੱਦਲ ਗੱਜੇ, ਨਾ ਉਹ ਵੱਢੇ ਨਾ ਉਹ ਵੱਸੇ

ਕ) ਕੋਹ ਨਾ ਚੱਲੀ ਬਾਬਾ ਤਿਹਾਈ

**ਸਾਹਿਤ (ਪਾਠ-ਪੁਸਤਕ ਅਧਾਰਿਤ ਪ੍ਰਸ਼ਨ)**

**ਪ੍ਰ6. ਹੇਠ ਦਿੱਤੀਆਂ ਗਈਆਂ ਕਾਵਿ ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:** (3+5=8)

ਦੁਧੀਆਂ ਨਾਲ ਪਲਮਦੇ ਬੱਚੇ, ਕੰਮੀਂ ਰੁੱਝੀਆਂ ਮਾਂਵਾਂ
ਅੱਖਾਂ ਦੇ ਵਿੱਚ ਛਲਕਣ ਅੱਥਰੂ, ਹਿੱਕਾਂ ਦੇ ਵਿੱਚ ਆਹਾ
ਬੋਕਿਆਂ ਵਰਗੇ ਪੇਟ ਉਹਨਾਂ ਦੇ, ਤੁੱਕਿਆਂ ਵਰਗੇ ਗਾਟੇ
ਛਾਲੇ-ਛਾਲੇ ਹੱਥ ਉਹਨਾਂ ਦੇ, ਪੈਰ ਬਿਆਈਆਂ ਪਾਟੇ

ਜਾਂ

ਚੁੰਮ-ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ,
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ।

A-3

Scanned by Scanner Go

ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ,
ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ।
ਵਿਹੜੇ ਵਿੱਚ ਠਾਠਾਂ ਮਾਰੂ ਖੁਸ਼ੀ ਸੰਸਾਰ ਦੀ,
ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ।

**ਪ੍ਰ7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** (1×4=4)

ੳ) ਕੁਦਰਤ ਦੇਵੀ ਕਿੱਥੇ ਖੇਡ ਰਹੀ ਸੀ?

1) ਮੈਦਾਨ ਵਿੱਚ 2) ਬਗੀਚੇ ਵਿੱਚ 3) ਘਰ ਦੀ ਛੱਤ 'ਤੇ 4) ਹੁਸਨ-ਮੰਡਲ ਵਿੱਚ

ਅ) 'ਤਾਜ-ਮਹੱਲ' ਕਿਹੜੀ ਨਦੀ ਦੇ ਕੰਢੇ ਤੇ ਸਥਿਤ ਹੈ?

1) ਗੰਗਾ 2) ਜਮਨਾ 3) ਸਰਸਵਤੀ 4) ਗੰਗੋਤਰੀ

ੲ) ਕਵਿਤਾ 'ਚੁੰਮ-ਚੁੰਮ ਰੱਖੋ' ਕਵਿਤਾ ਵਿੱਚ 'ਹੰਸਾਂ ਦੀ ਡਾਰ' ਕਿਸ ਨੂੰ ਕਿਹਾ ਗਿਆ ਹੈ?

1) ਮਾਤਾ ਗੁਜਰੀ ਜੀ ਨੂੰ 2) ਪੰਛੀਆਂ ਨੂੰ 3) ਘੋੜੀ ਨੂੰ 4) ਸਾਹਿਬਜ਼ਾਦਿਆਂ ਨੂੰ

ਸ) ਕਵਿਤਾ ਦੇ ਅੰਤ ਵਿੱਚ ਕਵੀ ਨੂੰ ਤਾਜਮਹੱਲ ਦੀ ਸੁੰਦਰਤਾ ਕਿਵੇਂ ਜਾਪਣ ਲੱਗੀ?

1) ਪਿਆਰੀ 2) ਸੁੰਦਰ 3) ਕੋਝੀ ਸ) ਸੁਹਣੀ

**ਕਹਾਣੀਆਂ ਵਿੱਚੋਂ** (6)

**ਪ੍ਰ8.** 'ਨੀਲੀ' ਕਹਾਣੀ ਵਿਚਲੇ ਗਵਾਲੇ ਦਾ ਪਾਤਰ-ਚਿੱਤਰਣ 125 ਤੋਂ 150 ਸ਼ਬਦਾਂ ਵਿੱਚ ਲਿਖੋ।

**ਜਾਂ**

ਕਹਾਣੀ 'ਸਾਂਝ' ਦਾ ਵਿਸ਼ਾ-ਵਸਤੂ 125 ਤੋਂ 150 ਸ਼ਬਦਾਂ ਵਿੱਚ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** (1×5=5)

ੳ) 'ਸਾਂਝ' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ।

1) ਗੁਲਜ਼ਾਰ ਸਿੰਘ ਸੰਧੂ 2) ਸੁਜਾਨ ਸਿੰਘ 3) ਕਰਤਾਰ ਸਿੰਘ ਦੁੱਗਲ 4) ਪ੍ਰੇਮ-ਪ੍ਰਕਾਸ਼

ਅ) ਲੇਖਕ ਦੇ ਘਰ ਕਿਹੜਾ ਬੂਟਾ ਲੱਗਾ ਹੋਇਆ ਸੀ?

1) ਮਹਿੰਦੀ ਦਾ 2) ਨਿੰਮ ਦਾ 3) ਸ਼ਹਿਤੂਤ ਦਾ 4) ਟਾਹਲੀ ਦਾ

ੲ) ਰਿਕਸ਼ੇ ਵਾਲਾ ਕਿੰਨੇ ਰੁਪਏ ਦੀ ਮੰਗ ਕਰ ਰਿਹਾ ਸੀ?

1) ਦੋ ਰੁਪਏ 2) ਚਾਰ ਰੁਪਏ 3) ਤਿੰਨ ਰੁਪਏ 4) ਪੰਜ ਰੁਪਏ

ਸ) 'ਸਾਂਝ' ਕਹਾਣੀ ਵਿਚਲੀ ਮਾਈ ਨੇ ਕਿੱਥੇ ਜਾਣਾ ਸੀ?

1) ਬਾਗਾਂ ਆਲੇ 2) ਗੋਪਾਲਪੁਰ 3) ਸਹੇੜੇ 4) ਸ਼ਹਿਰ

ਹ) ਗਵਾਲਾ ਗਾਂ ਦੀ ਧਾਰ ਕਿਸ ਭਾਂਡੇ ਵਿੱਚ ਕੱਢਦਾ ਹੈ?

1) ਬਾਲਟੀ ਵਿੱਚ 2) ਜੱਗ ਵਿੱਚ 3) ਡੋਲੂ ਵਿੱਚ 4) ਗਾਗਰ ਵਿੱਚ



Scanned by Scanner Go

ਪ੍ਰ10. ਹੇਠ ਦਿੱਤੇ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ: (2×4=8)

ੳ) ਪ੍ਰੋਫੈਸਰ ਲਾਲ ਚੀਰੇ ਵਾਲਾ, ਸਾਈਕਲ- ਸਵਾਰ ਬਾਰੇ ਕੀ-ਕੀ ਸੋਚਦਾ ਹੈ?

ਅ) ਗਵਾਲੇ ਵੱਲੋਂ ਮਸਾਲੇ ਦੀ ਟੋਕਰੀ ਚੁੱਕ ਕੇ ਲੈ ਜਾਣ ਤੋਂ ਬਾਅਦ ਨੀਲੀ ਦੇ ਮਨ ਦੀ ਹਾਲਤ ਲੇਖਕ ਨੇ ਕਿਵੇਂ ਬਿਆਨ ਕੀਤੀ ਹੈ?

ੲ) 'ਮਾੜਾ ਬੰਦਾ' ਕਹਾਣੀ ਵਿੱਚ ਲੇਖਕ ਦੀ ਪਤਨੀ ਬੇਚੈਨ ਕਿਉਂ ਸੀ?

ਸ) 'ਸਾਂਝ' ਕਹਾਣੀ ਵਿਚਲੀ ਮਾਈ ਵੇਖਣ ਵਿੱਚ ਕਿਹੋ ਜਿਹੀ ਸੀ?

ਹ) ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਿਹੜੇ-ਕਿਹੜੇ ਕਾਰਨ ਸੋਚਦਾ ਹੈ?

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ**

**ਪ੍ਰ11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ:** (1×5=5)

ੳ) ਮਾਘੀ ਦਾ ਮੇਲਾ ਕਿੱਥੇ ਲੱਗਦਾ ਹੈ?

1) ਲੁਧਿਆਣੇ ਵਿੱਚ ਅ) ਪਟਿਆਲੇ ਵਿੱਚ ੲ) ਮੁਕਤਸਰ ਵਿੱਚ ਸ) ਅਨੰਦਪੁਰ ਸਾਹਿਬ ਵਿੱਚ

ਅ) ਪੰਜਾਬ ਕਿਨ੍ਹਾਂ ਦੀ ਇਲਾਹੀ ਧਰਤੀ ਹੈ?

1) ਗੁਰੂਆਂ ਦੀ 2) ਦਰਿਆਵਾਂ ਦੀ 3) ਨੌਜਵਾਨਾਂ ਦੀ 4) ਮੈਦਾਨਾਂ ਦੀ

ੲ) 'ਪੰਜਾਬ ਦੇ ਮੇਲੇ ਤੇ ਤਿਉਹਾਰ' ਲੇਖ ਕਿਸ ਲੇਖਕ ਦੀ ਰਚਨਾ ਹੈ?

1) ਸ੍ਰੀ ਸੁਖਦੇਵ ਮੁਦਪੁਰੀ 2) ਗੁਲਜ਼ਾਰ ਸੰਧੂ 3) ਡਾ.ਐੱਸ.ਐੱਸ ਵਣਜਾਰਾ ਬੇਦੀ 4) ਡਾ. ਜਗੀਰ ਸਿੰਘ ਨੂਰ

ਸ) ਘੋੜੀ ਦੀ ਵਾਂਗ ਕੌਣ ਫੜਦੀ ਹੈ?

1) ਲਾੜੇ ਦੀ ਮਾਂ 2) ਲਾੜੇ ਦੀ ਭੈਣ 3) ਲਾੜੇ ਦੀ ਚਾਚੀ 4) ਲਾੜੇ ਦੀ ਭਾਬੀ

ਹ) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ?

1) ਦੇਵੀ ਮਾਤਾ ਦੀ 2) ਹਕੀਕਤ ਰਾਏ ਦੀ 3) ਪੀਰਾਂ-ਫਕੀਰਾਂ ਦੀ 4) ਗੁੱਗੇ ਦੀ

**ਪ੍ਰ12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ।** (4×2=8)

ੳ) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ-ਕਿਹੜੇ ਹਨ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਬਾਰੇ ਨੋਟ ਲਿਖੋ।

ਅ) ਜੀਵ ਦੀ ਮੌਤ ਹੋਣ 'ਤੇ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ?

ੲ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ?



Scanned by Scanner Go

# BUHDA DAL PUBLIC SCHOOL PATIALA
## First Term Examination (23 September 2023)
### Class - XII
### Paper - Punjabi (Set-B)

**Time: 3 hrs.**

ਆਮ ਨਿਰਦੇਸ਼: **MM: 80**

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਅਡਵਾਂਸ ਪੜ੍ਹਨ-ਕੌਸ਼ਲ

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8×1=8)

ਪੇਂਡੂ ਜੀਵਨ ਸਾਡੇ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਹੈ। ਦਿਨੋ-ਦਿਨ ਵੱਧ ਰਹੇ ਸ਼ਹਿਰੀਕਰਨ ਨੇ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਸਾਡਾ ਅਮੀਰ ਸੱਭਿਆਚਾਰ ਪਿੰਡਾਂ ਵਿੱਚ ਵੱਸਦਾ ਹੈ। ਵਿਗਿਆਨਕ ਤਰੱਕੀ, ਸਮੇਂ ਦੀ ਘਾਟ, ਪੱਛਮੀ ਸੱਭਿਆਚਾਰ ਦੇ ਕਾਰਨ, ਫਾਇਦਿਆਂ ਦੇ ਨਾਲ਼-ਨਾਲ਼ ਕਾਫ਼ੀ ਨੁਕਸਾਨ ਵੀ ਹੋਏ ਹਨ। ਪਿੰਡਾਂ ਦੀ ਮੋਹ-ਮੁਹੱਬਤ ਹੁਣ ਖ਼ਤਮ ਹੋਣ ਜਾ ਰਹੀ ਹੈ ਜਾਂ ਹੋ ਚੁੱਕੀ ਹੈ। ਕਈ ਵਾਰ ਤਾਂ ਇੰਝ ਲੱਗਦਾ ਹੈ ਕਿ ਸਾਡਾ ਸੱਭਿਆਚਾਰ ਹੁਣ ਖ਼ਤਮ ਹੀ ਹੋ ਗਿਆ ਹੈ। ਕੋਈ ਸਮਾਂ ਸੀ ਜਦੋਂ ਮਾਲਵੇ ਦੇ ਪਿੰਡਾਂ ਅਤੇ ਮਾਰੂਥਲ ਦੀ ਮਹਿਕ ਦਾ ਆਪਣਾ ਹੀ ਵੱਖਰਾ ਸੰਦਲੀ ਸਵਾਦ ਸੀ। ਕਈ ਵਾਰ ਤਾਂ ਮਾਲਵੇ ਦੇ ਪਿੰਡਾਂ ਦੇ ਮਾਰੂਥਲ ਵਿੱਚੋਂ ਵੀ ਚੰਦਨ ਵਰਗੀ ਮਹਿਕ ਆਉਂਦੀ ਸੀ, ਕਿਰੇ ਚਿੱਬੜਾਂ ਦੀ ਖੁਸ਼ਬੂ, ਮੱਲ੍ਹਿਆਂ ਦੇ ਬੇਰ, ਜੰਡ ਨਾਲ਼ ਲਟਕਦੇ ਖੋਖੇ, ਫੁੱਲਾਂ ਨਾਲ਼ ਲੱਦੇ ਕਰੀਰ, ਝੂਮਦਾ ਸਰਕੜਾ, ਸਵਰਗ ਦੀ ਯਾਦ ਕਰਵਾਉਂਦੇ ਸਨ। ਹੁਣ ਕਰੀਰ, ਜੰਡ, ਰੇਰੂ, ਬੀਤੇ ਸਮੇਂ ਦੀਆਂ ਬਾਤਾਂ ਬਣ ਕੇ ਰਹਿ ਗਏ ਹਨ। ਪਿੰਡਾਂ ਦੀ ਆਪਣੀ ਕਹਾਣੀ ਸੀ।

(i) ਕਿਹੜਾ ਜੀਵਨ ਸਾਡੇ ਸੱਭਿਆਚਾਰ ਦਾ ਮੁੱਖ ਅੰਗ ਰਿਹਾ ਹੈ?

(A) ਸ਼ਹਿਰੀ ਜੀਵਨ (B) ਪੇਂਡੂ ਜੀਵਨ
(C) ਪੱਛਮੀ ਸੱਭਿਆਚਾਰ (D) ਇਹਨਾਂ ਵਿੱਚੋਂ ਕੋਈ ਨਹੀਂ

(ii) ਕਿਸ ਨੇ ਹੁਣ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ?

(A) ਸ਼ਹਿਰੀਕਰਨ (B) ਵਿਗਿਆਨ
(C) ਪੱਛਮੀ ਸੱਭਿਆਚਾਰ (D) ਇਹਨਾਂ ਵਿੱਚੋਂ ਕੋਈ ਨਹੀਂ

(iii) ਪਿੰਡਾਂ ਵਿੱਚੋਂ ਪੇਂਡੂ ਸੱਭਿਆਚਾਰ ਦੇ ਅਲੋਪ ਹੋਣ ਦਾ ਕੀ ਕਾਰਨ ਹੈ?

(A) ਵਿਗਿਆਨਕ ਤਰੱਕੀ (B) ਮੋਹ-ਪਿਆਰ
(C) ਪੁਰਾਤਨਤਾ (D) ਨਸ਼ੇ

(iv) ਪਿੰਡਾਂ ਵਿੱਚੋਂ ਕਿਹੜੀ ਚੀਜ਼ ਖ਼ਤਮ ਹੁੰਦੀ ਜਾ ਰਹੀ ਹੈ?

(A) ਟਰੈਕਟਰ (B) ਜੀਪਾਂ
(C) ਦੁਸ਼ਮਣੀ (D) ਮੋਹ-ਮੁਹੱਬਤ

(v) ਪੰਜਾਬ ਦੇ ਮਾਲਵੇ ਇਲਾਕੇ ਦੇ ਮਾਰੂਥਲ ਦੀ ਮਹਿਕ ਦੀ ਤੁਲਨਾ ਲੇਖਕ ਨੇ ਕਿਸ ਨਾਲ਼ ਕੀਤੀ ਹੈ?

(A) ਬੋਹੜ ਨਾਲ਼ (B) ਪਿੱਪਲ ਨਾਲ਼
(C) ਜੰਡ ਨਾਲ਼ (D) ਚੰਦਨ ਨਾਲ਼



Scanned by Scanner Go

(vi) ਵਾਰਤਕ ਅਨੁਸਾਰ ਅਮੀਰ ਸੱਭਿਆਚਾਰ ਕਿੱਥੇ ਵੱਸਦਾ ਸੀ?

(A) ਪਿੰਡਾਂ ਵਿੱਚ

(B) ਸ਼ਹਿਰਾਂ ਵਿੱਚ

(C) ਪੱਛਮੀ ਸੱਭਿਆਚਾਰ ਵਿੱਚ

(D) ਮਹਾਂਨਗਰਾਂ ਵਿੱਚ

(vii) ਪੈਰੇ ਅਨੁਸਾਰ ਪਿੰਡਾਂ ਦੀ ਆਪਣੀ ਕੀ ਹੈ?

(A) ਜਵਾਨੀ

(B) ਕਹਾਣੀ

(C) ਨਿਸ਼ਾਨੀ

(D) ਇਹਨਾਂ ਵਿੱਚੋਂ ਕੋਈ ਨਹੀਂ

(viii) ਉਪਰ ਲਿਖੇ ਪੈਰੇ ਦਾ ਸਿਰਲੇਖ ਹੈ—

(A) ਪੇਂਡੂ ਜੀਵਨ

(B) ਸ਼ਹਿਰੀ ਜੀਵਨ

(C) ਮਹਾਂਨਗਰੀ ਜੀਵਨ

(D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰ2. ਪ੍ਰਭਾਵਸ਼ਾਲੀ ਲਿਖਣ-ਕੌਸ਼ਲ** **(8)**

ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲੇ ਕਿਸਾਨ-ਮੇਲੇ ਵਿੱਚ ਆਪਣੀ ਸਟਾਲ ਲਾਉਣ ਲਈ ਮੇਲਾ ਪ੍ਰਬੰਧਕਾਂ ਨੂੰ ਪੱਤਰ ਲਿਖੋ।

**ਜਾਂ**

ਤੁਸੀਂ ਆਪਣੇ ਕੈਫ਼ੇ ਲਈ ਕਿਸੇ ਕੰਪਨੀ ਦਾ ਕੰਪਿਊਟਰ 'ਸੰਗਮ ਕੰਪਿਊਟਰਜ਼' ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਖਰੀਦਿਆ ਸੀ। ਕੰਪਿਊਟਰ 'ਚ ਆਈਆਂ ਖ਼ਰਾਬੀਆਂ ਬਾਰੇ ਉਕਤ ਫ਼ਰਮ ਨੂੰ ਪੱਤਰ ਲਿਖੋ।

**ਪ੍ਰ3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰ੍ਹਾ-ਰਚਨਾ ਕਰੋ** **(7)**

ਸਮਾਜਿਕ ਬੁਰਾਈਆਂ

**ਜਾਂ**

ਨੈਤਿਕ ਕਦਰਾਂ ਕੀਮਤਾਂ

**ਵਿਹਾਰਕ ਵਿਆਕਰਨ**

**ਪ੍ਰ4. ਵਾਕ-ਵਟਾਂਦਰਾ** (1×3=3)

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ:

1) ਹਮੇਸ਼ਾਂ ਵੱਡਿਆਂ ਦਾ ਸਤਿਕਾਰ ਕਰੋ। (ਨਾਂ-ਵਾਚਕ)

2) ਵਚਨ ਕਿੰਨੀ ਕਿਸਮ ਦੇ ਹੁੰਦੇ ਹਨ? (ਸਧਾਰਨ-ਵਾਕ)

3) ਸੈਰ ਕਰੋ ਤੇ ਤੰਦਰੁਸਤ ਰਹੋ। (ਮਿਸ਼ਰਤ-ਵਾਕ)

4) ਮੇਰੀ ਇੱਛਾ ਹੈ ਕਿ ਮੈਂ ਵਕੀਲ ਹੁੰਦਾ। (ਵਿਸਮੈ-ਵਾਚਕ)

**ਪ੍ਰ5. ਅਖਾਣ/ਅਖਾਉਤਾਂ** (2×5=10)

ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ:

ੳ) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ

ਅ) ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ

B-2

Scanned by Scanner Go

ੲ) ਹਿੰਗ ਲਗੇ ਨਾ ਫਟਕੜੀ ਰੰਗ ਚੋਖਾ ਆਵੇ

ਸ) ਸ੍ਵੈ-ਭਰੋਸਾ ਵੱਡਾ ਤੋਸਾ

ਹ) ਸੰਗ ਤਾਰੇ ਕੁਸੰਗ ਡੋਬੇ

ਕ) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀ

**ਸਾਹਿਤ (ਪਾਠ-ਪੁਸਤਕ ਅਧਾਰਿਤ ਪ੍ਰਸ਼ਨ)**

**ਪ੍ਰ6. ਹੇਠ ਦਿੱਤੀਆਂ ਗਈਆਂ ਕਾਵਿ ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:** **(3+5=8)**

ਸੁੱਤੇ ਏਸ ਚੁਗਿਰਦੇ ਅੰਦਰ, ਮੈਂ ਕੱਲਾ ਇੱਕ ਜਾਗਾਂ
ਜੱਗ ਰਹੀਆਂ ਦੋ ਅੱਖਾਂ ਮੇਰੀਆਂ, ਚੁੱਪ-ਚੁੱਪ ਵਾਂਗ ਚਰਾਗਾਂ
ਗੁੰਬਦ ਦਿਆਂ ਉਭਾਰਾਂ ਉੱਤੇ ਮਸਤਾਈਆਂ ਅਲਸਾਈਆਂ
ਫਿਰ ਰਹੀਆਂ ਸਨ ਨਜ਼ਰਾਂ ਮੇਰੀਆਂ ਸੁਹਜ-ਸਵਾਦ ਤਰਿਹਾਈਆਂ।

**ਜਾਂ**

ਸੁਹਣੀ ਨੇ ਅਸਮਾਨ ਖੜੋ ਕੇ, ਧਰਤੀ ਵੱਲ ਤਕਾ ਕੇ
ਇਹ ਮੁੱਠੀ ਖੋਲ੍ਹੀ ਤੇ ਸੁੱਟਿਆ, ਸਭ ਕੁਝ ਹੇਠ ਤਕਾ ਕੇ
ਜਿਸ ਥਾਂਵੇਂ ਧਰਤੀ 'ਤੇ ਆ ਕੇ, ਇਹ ਮੁੱਠ ਡਿੱਗੀ ਸਾਰੀ
ਓਸ ਥਾਂਉਂ 'ਕਸ਼ਮੀਰ' ਬਣ ਗਿਆ, ਟੁਕੜੀ ਜਗ ਤੋਂ ਨਿਆਰੀ।

**ਪ੍ਰ7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** **(1×4=4)**

ੳ) ਤਾਜ-ਮਹੱਲ ਕਿਸ ਦੀ ਯਾਦ ਵਿੱਚ ਬਣਾਇਆ ਗਿਆ ਸੀ?
1) ਰੁਕਮਣੀ 2) ਸ਼ਾਹ-ਜਹਾਨ 3) ਮੁਮਤਾਜ਼ 4) ਬੇਗਮ ਉਦੈਪੁਰੀ

ਅ) 'ਟੁਕੜੀ ਜਗ ਤੋਂ ਨਿਆਰੀ' ਕਵਿਤਾ ਅਨੁਸਾਰ ਮੁੱਠੀ ਵਿੱਚ ਕੀ ਆਇਆ?
1) ਅਰਸ਼ੀ-ਮਿੱਟੀ 2) ਅਰਸ਼ੀ ਨਜ਼ਾਰੇ 3) ਮੀਂਹ, ਝੱਖੜ, ਹਨੇਰੀ 4) ਸ਼ੁੱਧ ਪਾਣੀ

ੲ) 'ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਉਣ ਗੇ' ਤੁਕ ਵਿੱਚ ਸਿਪਾਹੀ ਕਿਸ ਨੂੰ ਆਖਿਆ ਗਿਆ ਹੈ?
1) ਸ਼ਾਹਿਬਜ਼ਾਦਾ ਅਜੀਤ ਸਿੰਘ ਜੀ 2) ਬਾਬਾ ਫਤਹਿ ਸਿੰਘ ਜੀ
3) ਸਾਹਿਬਜ਼ਾਦਾ ਜੁਝਾਰ ਸਿੰਘ ਜੀ 4) (1) ਅਤੇ (3) ਦੋਵੇਂ

ਸ) 'ਟੁਕੜੀ ਜਗ ਤੋਂ ਨਿਆਰੀ' ਕਵਿਤਾ ਵਿੱਚ ਕਾਹਦੀ ਛਹਿਬਰ ਲੱਗਣ ਦਾ ਜ਼ਿਕਰ ਕੀਤਾ ਗਿਆ ਹੈ?
1) ਤੇਜ਼ਾਬ ਦੀ 2) ਹਾਸਿਆਂ ਦੀ 3) ਸ਼ੁੱਧ ਪਾਣੀ ਦੀ ਸ) ਖੁਸ਼ੀਆਂ ਦੀ

**ਕਹਾਣੀਆਂ ਵਿੱਚੋਂ** **(6)**

**ਪ੍ਰ8.** 'ਮਾੜਾ ਬੰਦਾ' ਕਹਾਣੀ ਦੇ ਮੁੱਖ ਪਾਤਰ (ਕਹਾਣੀਕਾਰ) ਦੀ ਪਤਨੀ ਦਾ ਪਾਤਰ-ਚਿੱਤਰਣ 125 ਤੋਂ 150 ਸ਼ਬਦਾਂ ਵਿੱਚ ਲਿਖੋ।

**ਜਾਂ**

ਕਹਾਣੀ 'ਨੀਲੀ' ਦਾ ਵਿਸ਼ਾ-ਵਸਤੂ 125 ਤੋਂ 150 ਸ਼ਬਦਾਂ ਵਿੱਚ ਆਪਣੇ ਸ਼ਬਦਾਂ ਵਿੱਚ ਲਿਖੋ।

B-3

Scanned by Scanner Go

ਪ੍ਰ9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ: (1×5=5)

ੳ) ਕਹਾਣੀ 'ਸਾਂਝ' ਦੇ ਕਹਾਣੀਕਾਰ ਦਾ ਨਾਂ ਦੱਸੋ।

1) ਕਰਤਾਰ ਸਿੰਘ ਦੁੱਗਲ 2) ਸੁਜਾਨ ਸਿੰਘ 3) ਪ੍ਰੇਮ-ਪ੍ਰਕਾਸ਼ 4) ਗੁਲਜ਼ਾਰ ਸਿੰਘ ਸੰਧੂ

ਅ) 'ਨੀਲੀ' ਦਾ ਰੰਗ ਕਿਹੋ ਜਿਹਾ ਸੀ?

1) ਕਾਲਾ 2) ਭੂਰਾ 3) ਨੀਲਾ 4) ਚਿੱਟਾ

ੲ) ਲੇਖਕ ਦੀ ਪਤਨੀ ਨੇ ਰਿਕਸ਼ੇ ਵਾਲੇ ਨਾਲ ਕਿੰਨਾ ਕਿਰਾਇਆ ਤੈਅ ਕੀਤਾ ਸੀ?

1) ਤਿੰਨ ਰੁਪਏ 2) ਦੋ ਰੁਪਏ 3) ਚਾਰ ਰੁਪਏ 4) ਪੰਜ ਰੁਪਏ

ਸ) ਪ੍ਰੋਫੈਸਰ ਕਿੰਨੇ ਸਾਲਾਂ ਤੋਂ ਸਾਈਕਲ ਚਲਾ ਰਿਹਾ ਸੀ?

1) ਪੰਦਰਾਂ ਸਾਲ 2) ਸੱਤ ਸਾਲ 3) ਪੰਜ ਸਾਲ 4) ਤੀਹ ਸਾਲ

ਹ) ਗੁਆਲਾ ਟੋਕਰੀ ਵਿੱਚ ਨੀਲੀ ਲਈ ਕੀ ਲੈ ਕ ਆਉਂਦਾ ਹੈ?

1) ਘਾਹ 2) ਤੂੜੀ 3) ਮਸਾਲਾ 4) ਹਰੇ ਪੱਤੇ

ਪ੍ਰ10. ਹੇਠ ਦਿੱਤੇ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ: (2×4=8)

ੳ) ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਿਹੜੇ-ਕਿਹੜੇ ਕਾਰਨ ਸੋਚਦਾ ਹੈ?

ਅ) ਵੱਛੀ ਮਰਨ 'ਤੇ ਨੀਲੀ ਦੁੱਧ ਕਿਉਂ ਨਹੀਂ ਸੀ ਦੇ ਰਹੀ?

ੲ) 'ਮਾੜਾ ਬੰਦਾ' ਕਹਾਣੀ ਵਿਚਲਾ ਰਿਕਸ਼ੇ ਵਾਲਾ ਵੇਖਣ ਵਿੱਚ ਕਿਹੋ ਜਿਹਾ ਸੀ?

ਸ) ਲੇਖਕ ਦੀ ਤ੍ਰੀਮਤ ਨੇ ਗਵਾਲੇ ਨਾਲ ਕਿਹੜੀਆਂ-ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ਸਨ?

ਹ) 'ਮਾੜਾ ਬੰਦਾ' ਕਹਾਣੀ ਵਿੱਚ ਲੇਖਕ ਦੀ ਪਤਨੀ ਬੇਚੈਨ ਕਿਉਂ ਸੀ?

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ**

ਪ੍ਰ11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ: (1×5=5)

ੳ) ਸ਼ੀਤਲਾ ਦੇਵੀ ਦਾ ਵਾਹਨ ਕਿਹੜਾ ਹੈ?

1) ਚੂਹਾ ਅ) ਖੋਤਾ ੲ) ਘੋੜਾ ਸ) ਗਰੜ

ਅ) ਖਿਦਰਾਣੇ ਦਾ ਯੁੱਧ ਕਦੋਂ ਹੋਇਆ ਸੀ?

1) 1707 ਈ. ਵਿੱਚ 2) 1710 ਈ. ਵਿੱਚ 3) 1705 ਈ. ਵਿੱਚ 4) 1712 ਈ. ਵਿੱਚ

ੲ) 'ਪੰਜਾਬ ਦੇ ਰਸਮ-ਰਿਵਾਜ' ਲੇਖ ਕਿਸ ਲੇਖਕ ਦੀ ਰਚਨਾ ਹੈ?

1) ਸ੍ਰੀ ਸੁਖਦੇਵ ਮਾਦਪੁਰੀ 2) ਡਾ. ਜਗੀਰ ਸਿੰਘ ਨੂਰ 3) ਗੁਲਜ਼ਾਰ ਸਿੰਘ ਸੰਧੂ 4) ਡਾ.ਬਰਿੰਦਰ ਕੌਰ

ਸ) ਪੇਟੀ-ਖੁਲ੍ਹਾਈ ਦੀ ਰਸਮ ਵੇਲੇ ਸੂਟ ਕਿਸ ਨੂੰ ਮਿਲਦਾ ਹੈ?

1) ਸੱਸ ਨੂੰ 2) ਦਰਾਣੀ ਨੂੰ 3) ਜਠਾਣੀ ਨੂੰ 4) ਨਨਾਣ ਨੂੰ

ਹ) ਮੁਰਦੇ ਦੀ ਖੋਪਰੀ ਠਕੋਰਨ ਦੀ ਰਸਮ ਨੂੰ ਕੀ ਕਹਿੰਦੇ ਹਨ?

1) ਕਪਾਲ ਭਾਰਤੀ 2) ਲਾਂਬੂ ਲਾਉਣਾ 3) ਫੁੱਲ ਤਾਰਨਾ 4) ਕਪਾਲ ਕਿਰਿਆ

ਪ੍ਰ12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ। (4×2=8)

ੳ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ?

ਅ) ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ? ਦੇਵੀ ਮਾਤਾ ਨਾਲ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਨੋਟ ਲਿਖੋ।

ੲ) ਪੰਜਾਬ ਵਿੱਚ ਵਿਆਹ ਦੇ ਰਸਮ-ਰਿਵਾਜ਼ ਕਿਹੜੇ-ਕਿਹੜੇ ਸਨ ਅਤੇ ਹੁਣ ਇਹਨਾਂ ਵਿੱਚ ਕੀ ਤਬਦੀਲੀ ਆ ਰਹੀ ਹੈ?

B-4

Scanned by Scanner Go